# ਸ਼ੁੱਧ ਜ਼ੀਰੋ ਬਦਲਾਵ ਕੀ ਹੈ?

ਪੂਰੇ ਆਸਟ੍ਰੇਲੀਆ ਵਿੱਚ, ਸਰਕਾਰਾਂ, ਕਾਰੋਬਾਰ ਅਤੇ ਭਾਈਚਾਰੇ 2050 ਤੱਕ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ ਸ਼ੁੱਧ ਜ਼ੀਰੋ ਤੱਕ ਪਹੁੰਚਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ।





**ਸ਼ੁੱਧ ਜ਼ੀਰੋ ਕੀ ਹੈ?** ਸ਼ੁੱਧ ਜ਼ੀਰੋ ਦਾ ਮਤਲਬ ਹੈ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਦੀ ਉਸ ਮਾਤਰਾ ਨੂੰ ਸੰਤੁਲਿਤ ਕਰਨਾ ਜੋ ਵਾਯੂਮੰਡਲ ਵਿੱਚ ਜਾਂਦੀਆਂ ਹਨ ਅਤੇ ਉੱਥੋਂ ਹਟਾਈਆਂ ਜਾਂਦੀਆਂ ਹਨ।



## ਅਸੀਂ ਸ਼ੁੱਧ ਜ਼ੀਰੋ ਨਿਕਾਸ ਕਿਵੇਂ ਪ੍ਰਾਪਤ ਕਰਦੇ ਹਾਂ?

ਸ਼ੁੱਧ ਜ਼ੀਰੋ ਤੱਕ ਪਹੁੰਚਣਾ ਸਿਰਫ਼ ਨਵਿਆਉਣਯੋਗ ਊਰਜਾ ਵੱਲ ਤਬਦੀਲੀ ਕਰਨ ਨਾਲੋਂ ਬਹੁਤ ਜ਼ਿਆਦਾ ਹੈ। ਇਸ ਲਈ ਇੱਕ ਵੱਡੀ ਆਰਥਿਕ ਤਬਦੀਲੀ ਦੀ ਲੋੜ ਹੈ, ਖਾਸ ਕਰਕੇ ਸਾਡੇ ਮਹੱਤਵਪੂਰਨ ਖੇਤਰੀ ਭਾਈਚਾਰਿਆਂ ਵਿੱਚ।

ਕੁਝ ਤਰੀਕੇ ਜਿਨ੍ਹਾਂ ਰਾਹੀਂ ਅਸੀਂ ਸ਼ੁੱਧ ਜ਼ੀਰੋ ਅਰਥਚਾਰੇ ਦਾ ਨਿਰਮਾਣ ਕਰ ਰਹੇ ਹਾਂ ਉਹਨਾਂ ਵਿੱਚ ਸ਼ਾਮਲ ਹਨ:

- **ਊਰਜਾ ਦੇ ਨਵੇਂ ਢਾਂਚੇ ਦਾ ਨਿਰਮਾਣ ਕਰਨਾ ਜਿਵੇਂ ਕਿ ਹਵਾ, ਸੂਰਜੀ ਅਤੇ ਬੈਟਰੀਆਂ**
- **ਭਵਿੱਖ ਦੇ ਨਵੇਂ ਉਦਯੋਗਾਂ ਦਾ ਨਿਰਮਾਣ ਕਰਨਾ, ਜਿਵੇਂ ਕਿ ਸਾਫ਼ ਈਂਧਣ ਲਈ ਹਾਈਡ੍ਰੋਜਨ ਦਾ ਉਤਪਾਦਨ**
- **ਮੌਜੂਦਾ ਉਦਯੋਗਾਂ ਜਿਵੇਂ ਕਿ ਨਿਰਮਾਣ, ਖੇਤੀਬਾੜੀ ਅਤੇ ਖਣਿੱਜ ਕੱਢਣ (ਮਾਈਨਿੰਗ) ਨੂੰ ਡੀਕਾਰਬੋਨਾਈਜ਼ (ਕਾਰਬਨ ਮੁਕਤ) ਕਰਨਾ**
- **ਸੋਲਰ ਪੈਨਲਾਂ ਵਰਗੀਆਂ ਨਵਿਆਉਣਯੋਗ ਤਕਨੀਕਾਂ ਦਾ ਨਿਰਮਾਣ ਕਰਨਾ**
- **ਖੋਜ ਅਤੇ ਵਪਾਰੀਕਰਨ ਲਈ ਨਵੀਆਂ ਪਹਿਲਕਦਮੀਆਂ**
- **ਨਵੇਂ ਅਤੇ ਮੌਜੂਦਾ ਕਰਮਚਾਰੀਆਂ ਨੂੰ ਸਿਖਲਾਈ ਦੇਣਾ**
- **ਰਹਿੰਦ-ਖੂੰਹਦ ਨੂੰ ਘਟਾ ਕੇ ਅਤੇ ਇਮਾਰਤਾਂ ਨੂੰ ਵਧੇਰੇ ਊਰਜਾ ਕੁਸ਼ਲ ਬਣਾ ਕੇ ਸਾਡੇ ਸ਼ਹਿਰਾਂ ਨੂੰ ਬਿਹਤਰ ਬਣਾਉਣਾ।**






Australian Government

ਨੈੱਟ ਜ਼ੀਰੋ ਤੱਕ ਦੀ ਯਾਤਰਾ ਬਾਰੇ ਹੋਰ ਜਾਣਨ ਲਈ
**futuremadeinaustralia.gov.au** 'ਤੇ ਜਾਓ।